BRAMPTON Flower City
brampton.ca

Service and Information Update

10 ਅਕਤੂਬਰ, 2018

**2018 ਦੀਆਂ ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ ਲਈ ਤੀਜੀ ਧਿਰ ਵਿਗਿਆਪਕਾਂ ਲਈ ਰਜਿਸਟਰੇਸ਼ਨ 19 ਅਕਤੂਬਰ ਨੂੰ ਬੰਦ ਹੋ ਜਾਣਗੇ**

ਬ੍ਰੈਂਪਟਨ, ਓਨਟੈਰੀਓ – ਕੋਈ ਵੀ ਵਿਅਕਤੀ, ਕਾਰਪੋਰੇਸ਼ਨ, ਜਾਂ ਟ੍ਰੇਡ ਯੂਨੀਅਨ, ਜੋ ਕਿਸੇ ਉਮੀਦਵਾਰ ਦਾ ਪ੍ਰਚਾਰ ਕਰਨ, ਸਮਰਥਨ ਕਰਨ ਜਾਂ ਵਿਰੋਧ ਕਰਨ ਦੇ ਉਦੇਸ਼ ਲਈ ਕਿਸੇ ਵੀ ਪ੍ਰਸਾਰਨ, ਪ੍ਰਿੰਟ, ਇਲੈਕਟ੍ਰੋਨਿਕ ਜਾਂ ਹੋਰ ਮਾਧਿਅਮ ਨਾਲ ਇਸ਼ਤਿਹਾਰ ਦੇਣਾ ਚਾਹੁੰਦੀ ਹੈ, ਨੂੰ 19 ਅਕਤੂਬਰ, 2018 ਨੂੰ 4:30 ਵਜੇ ਤੋਂ ਪਹਿਲਾਂ ਸਿਟੀ ਕੋਲ ਰਜਿਸਟਰ ਕਰਨ ਦੀ ਲੋੜ ਹੈ।

Registration information and required forms are available online (ਰਜਿਸਟਰੇਸ਼ਨ ਜਾਣਕਾਰੀ ਅਤੇ ਲੋੜੀਂਦੇ ਫਾਰਮ ਔਨਲਾਈਨ ਉਪਲਬਧ ਹਨ) ਅਤੇ ਬ੍ਰੈਂਪਟਨ ਸਿਟੀ ਹਾਲ (Brampton City Hall) ਵਿੱਚ ਸਿਟੀ ਕਲਰਕ ਦੇ ਦਫ਼ਤਰ ਵਿਖੇ ਉਪਲਬਧ ਹਨ। ਰਜਿਸਟਰੇਸ਼ਨ ਆਮ ਕਾਰਜਕਾਰੀ ਸਮੇਂ ਦੇ ਦੌਰਾਨ ਖੁਦ ਆ ਕੇ (ਜਾਂ ਕਿਸੇ ਏਜੰਟ ਦੁਆਰਾ) ਫਾਈਲ ਕੀਤੇ ਜਾਣੇ ਲਾਜ਼ਮੀ ਹਨ।

ਬਿਨੈਕਾਰਾਂ ਲਈ ਰਜਿਸਟਰੇਸ਼ਨ ਵਾਸਤੇ ਯੋਗਤਾ ਦਾ ਸਬੂਤ ਮੁਹੱਈਆ ਕਰਨਾ ਲਾਜ਼ਮੀ ਹੈ ਅਤੇ ਸਿਰਫ਼ ਮੂਲ ਦਸਤਾਵੇਜ਼ ਹੀ ਸਵੀਕਾਰ ਕੀਤੇ ਜਾਣਗੇ। ਫੈਕਸ ਕੀਤੇ ਜਾਂ ਹੋਰ ਇਲੈਕਟ੍ਰੋਨਿਕ ਸੰਸਕਰਨਾਂ ਦੀ ਇਜਾਜ਼ਤ ਨਹੀਂ ਹੈ। ਤੀਜੀ ਧਿਰ ਵਿਗਿਆਪਕ ਰਜਿਸਟਰੇਸ਼ਨ ਦਾ ਨੋਟਿਸ ਫਾਈਲ ਕਰਨ ਤੋਂ ਪਹਿਲਾਂ ਨਾ ਤਾਂ ਇਸਤੇ ਪੈਸਾ ਖ਼ਰਚ ਕਰ ਸਕਦੇ ਹਨ, ਅਤੇ ਨਾ ਹੀ ਪੈਸਾ ਪ੍ਰਾਪਤ ਕਰ ਸਕਦੇ ਹਨ। ਤੀਜੀ ਧਿਰ ਵਿਗਿਆਪਕ ਉਸ ਉਮੀਦਵਾਰ ਦੇ ਨਿਰਦੇਸ਼ਨ ਅਧੀਨ ਨਹੀਂ ਹੋਣਗੇ, ਜਿਹਨਾਂ ਦਾ ਨਾਮਾਂਕਨ ਫਾਈਲ ਹੋ ਗਿਆ ਹੋਵੇ।

ਰਜਿਸਟਰਡ ਤੀਜੀ ਧਿਰ ਵਿਗਿਆਪਕਾਂ ਦੀ ਸੂਚੀ ਔਨਲਾਈਨ www.brampton.ca/bramptonvotes ‘ਤੇ ਉਪਲਬਧ ਹੈ।

-30-

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca